# ਕੀ ਹਿੰਦੁਸਤਾਨ ਗ਼ਰੀਬ ਹੈ?

ਹਿੰਦੁਸਤਾਨ ਦੇ ਹਾਕਮ ਟੋਲੇ ਦੀਆਂ ਸਿਆਸੀ ਪਾਰਟੀਆਂ, ਰਾਜਤੰਤ੍ਰ ਅਤੇ ਸਰਕਾਰ ਦੇ ਅਫ਼ਸਰ ਇਹ ਕਹਿੰਦੇ ਨਹੀਂ ਥੱਕਦੇ ਕਿ ਉਹ ਹਿੰਦੁਸਤਾਨ `ਚੋਂ ਗਰੀਬੀ ਹਟਾਉਣ ਲਈ ਬੜੀ ਕੋਸ਼ਿਸ਼ ਕਰ ਰਹੇ ਹਨ। ਚੋਣਾਂ ਦੇ ਸਮੇਂ ਤਾਂ ਇਹ ਰੌਲਾ ਹੋਰ ਵੀ ਵੱਧ ਜਾਂਦਾ ਹੈ। ਹਰੇਕ ਪਾਰਟੀ ਹੀ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਉਹ ਬਾਕੀ ਪਾਰਟੀਆਂ ਨਾਲੋਂ ਗਰੀਬੀ ਦੇ ਬਹੁਤਾ ਖ਼ਿਲਾਫ਼ ਹੈ ਅਤੇ ਗਰੀਬੀ ਦੂਰ ਕਰਨ ਲਈ ਬਹੁਤ ਬੜਾ ਉਦਮ ਕਰੇਗੀ। ਪਾਰਟੀਆਂ ਦੇ ਮੈਨੀਫੈਸਟੋ ਅਤੇ ਲੀਡਰਾਂ ਦੇ ਮੁਸ਼ਕ ਮਾਰਦੇ ਵਾਅਦਿਆਂ ਨਾਲ ਸਾਰਾ ਵਾਤਾਵਰਨ ਸੜ੍ਹਿਆਂਦ ਮਾਰਨ ਲੱਗ ਜਾਂਦਾ ਹੈ। ਮੰਤ੍ਰੀਆਂ ਅਤੇ ਸਕੱਤਰਾਂ ਦੇ ਦੌਰਿਆਂ ਦੌਰਾਨ ਗਰੀਬੀ ਹਟਾਉਣ ਦਾ ਮੰਤਰ ਥਾਂ ਥਾਂ ਸੁਣਾਈ ਦਿੰਦਾ ਹੈ ਪਰ ਹੁੰਦਾ ਕੁਝ ਵੀ ਨਹੀਂ। ਸੋਸ਼ਲਿਜ਼ਮ, ਗਰੀਬੀ ਹਟਾਉ, ਲਿਸ਼ਕਦਾ ਹਿੰਦੁਸਤਾਨ, ਮੁਸਕਾਉਂਦਾ ਹਿੰਦੁਸਤਾਨ, ਵਿਸ਼ਵੀਕਰਨ, ਨਿਜੀਕਰਣ ਅਤੇ ਇਹੋ ਜਿਹੇ ਹੋਰ ਦੇ ਨਾਅਰੇ ਅਖੌਤੀ ਤੌਰ ਤੇ ਤਾਂ ਗਰੀਬੀ ਦੇ ਮਸਲੇ ਨੂੰ ਹੱਲ ਕਰਨ ਲਈ ਹੀ ਲਾਏ ਜਾਂਦੇ ਹਨ ਪਰ ਲੋਕਾਂ ਦਾ ਹਾਲ ਉਸੇ ਤਰ੍ਹਾਂ ਭੈੜੇ ਦਾ ਭੈੜਾ ਹੀ ਰਹਿੰਦਾ ਹੈ।

ਕੀ ਹਿੰਦੁਸਤਾਨ ਵਾਕਿਆ ਹੀ ਇਕ ਗਰੀਬ ਮੁਲਕ ਹੈ? ਜੇ ਇਸ ਮਸਲੇ ਦੀ ਘੋਖ ਕੀਤੀ ਜਾਵੇ ਤਾਂ ਤੱਥ ਦੱਸਦੇ ਹਨ ਕਿ ਹਿੰਦੁਸਤਾਨ ਕੁਦਰਤੀ ਖ਼ਜ਼ਾਨਿਆਂ ਨਾਲ ਬਹੁਤ ਹੀ ਭਰਪੁਰ ਇਲਾਕਾ ਹੈ। ਇਸ ਖਿੱਤੇ ਦੀ ਜ਼ਮੀਨ ਜ਼ਰਖੇਜ਼ ਹੈ, ਇਹ ਹਰ ਤਰ੍ਹਾਂ ਦੇ ਖਣਿਜ ਪਦਾਰਥਾਂ ਅਤੇ ਹੋਰ ਕੁਦਰਤੀ ਖ਼ਜ਼ਾਨਿਆਂ ਨਾਲ ਭਰਪੂਰ ਹੈ। ਕੁਦਰਤੀ ਖ਼ਜ਼ਾਨਿਆਂ ਨਾਲ ਮਾਲਾਮਾਲ ਹੋਣ ਕਰਕੇ ਹੀ ਇਸ ਖਿੱਤੇ ਨੂੰ ਕਦੇ ਸੋਨੇ ਦੀ ਚਿੜੀ ਵੀ ਕਿਹਾ ਜਾਂਦਾ ਰਿਹਾ ਹੈ। ਇਥੋਂ ਦੇ ਕਿਸਾਨ ਬੜੇ ਮਿਹਨਤੀ ਹਨ। ਇਥੋਂ ਦੇ ਮਜ਼ਦੂਰ ਅਤੇ ਹੋਰ ਮਿਹਨਤਕਸ਼ ਲੋਕ ਆਪਣੇ ਖ਼ੂਨ ਪਸੀਨੇ ਨਾਲ ਬੇਸ਼ੁਮਾਰ ਦੌਲਤਾਂ ਪੈਦਾ ਕਰਦੇ ਆਏ ਹਨ ਅਤੇ ਪੈਦਾ ਕਰਦੇ ਹਨ। ਕੁਦਰਤੀ ਸਾਧਨਾਂ ਅਤੇ ਲੋਕਾਂ ਦੀ ਕਿਰਤ ਸਦਕਾ ਇਸ ਮੁਲਕ ਵਿਚ ਹਰ ਸਾਲ ਬਹੁਤ ਹੀ ਦੌਲਤ ਪੈਦਾ ਹੁੰਦੀ ਹੈ।

ਪਰ ਮਿਹਨਤ ਅਤੇ ਕੁਦਰਤੀ ਸਾਧਨਾ ਦੀ ਬਦੌਲਤ ਪੈਦਾ ਹੁੰਦੀ ਇਸ ਦੌਲਤ ਦਾ ਬਣਦਾ ਕੀ ਹੈ? ਕਿੱਧਰ ਜਾਂਦੀ ਹੈ ਇਹ ਦੌਲਤ? ਇਸ ਬੇਸ਼ੁਮਾਰ ਦੌਲਤ ਨਾਲ ਲੋਕਾਂ ਦੀਆਂ ਲੋੜਾਂ ਕਿਉਂ ਨਹੀਂ ਪੂਰੀਆਂ ਹੁੰਦੀਆਂ? ਕੀ ਵਜ੍ਹਾ ਹੈ ਕਿ ਅੰਨ ਪੈਦਾ ਕਰਨ ਵਾਲੇ ਹੀ ਭੁਖੇ ਰਹਿੰਦੇ ਹਨ? ਇਨ੍ਹਾਂ ਸੁਆਲਾਂ ਦੇ ਜਵਾਬ ਲੱਭਣ ਲਈ ਸਾਨੂੰ ਸਿਆਸੀ, ਆਰਥਕ ਅਤੇ ਸਮਾਜੀ ਰਿਸ਼ਤਿਆਂ ਵੱਲ ਧਿਆਨ ਦੇਣਾ ਪਵੇਗਾ ਕਿਉਂਕਿ ਇਨ੍ਹਾਂ ਰਿਸ਼ਤਿਆਂ ਕਰਕੇ ਅਤੇ ਇਨ੍ਹਾਂ ਰਿਸ਼ਤਿਆਂ ਦੀ ਬੁਨਿਆਦ ਉਤੇ ਬਣੇ ਅਦਾਰਿਆਂ ਕਰਕੇ ਹੀ ਇਹ ਸਾਰੀ ਦੌਲਤ, ਦੌਲਤ ਪੈਦਾ ਕਰਨ ਵਾਲਿਆਂ ਤੋਂ ਖੋਹ ਹੋ ਜਾਂਦੀ ਹੈ ਅਤੇ ਉਹ ਵੇਖਦੇ ਰਹਿ ਜਾਂਦੇ ਹਨ।

ਮਿਸਾਲ ਦੇ ਤੌਰ ਤੇ ਹਿੰਦੁਸਤਾਨ ਦੇ ਕਿਸਾਨ ਹਰ ਸਾਲ ਕਰੋੜਾਂ ਹੀ ਟੰਨ ਅਨਾਜ ਪੈਦਾ ਕਰਦੇ ਹਨ ਪਰ ਉਹ ਆਪ ਭੁੱਖੇ ਅਤੇ ਕਰਜ਼ੇ ਹੇਠ ਦਬੇ ਰਹਿੰਦੇ ਹਨ। ਕਿਸਾਨ ਨੂੰ ਆਪਣੀ ਫਸਲ ਉਗਾਉਣ ਲਈ ਸਭ ਕੁੱਝ ਮਹਿੰਗੇ ਭਾਅ ਤੇ ਲੈਣਾ ਪੈਂਦਾ ਹੈ। ਪਰ ਉਹਦੀ ਫਸਲ ਦੀ ਵਾਜਬ ਕੀਮਤ ਨਹੀਂ ਦਿਤੀ ਜਾਂਦੀ। ਕਿਸਾਨ ਨੂੰ ਖੇਤੀ ਲਈ ਲੋੜੀਂਦਾ ਸਮਾਨ ਮਹਿੰਗੇ ਭਾਅ ਤੇ ਦੇਣ ਅਤੇ ਉਨ੍ਹਾਂ ਦੀ ਫ਼ਸਲ ਸਸਤੇ ਭਾਅ ਤੇ ਖ਼ਰੀਦਣ ਵਾਲਾ ਟੋਲਾ ਇਕੋ ਹੀ ਹੈ। ਇਹ ਟੋਲਾ ਹੈ ਸਰਮਾਏਦਾਰਾਂ ਤੇ ਅਜਾਰੇਦਾਰਾਂ ਦਾ ਟੋਲਾ ਜੋ ਰਾਜਤੰਤ੍ਰ ਅਤੇ ਸਰਕਾਰ ਨੂੰ ਕਿਸਾਨਾਂ ਦੀ ਪੈਦਾ ਕੀਤੀ ਹੋਈ ਦੌਲਤ ਖੋਹਣ ਲਈ ਵਰਤਦਾ ਹੈ। ਇਹ ਟੋਲਾ ਆਪਣੇ ਮੁਨਾਫੇ ਵੱਧ ਤੋਂ ਵੱਧ ਕਰਨ ਲਈ ਕਿਸਾਨ ਨੂੰ ਵਸਤਾਂ ਵੇਚਣ ਦੇ ਭਾਅ ਉਚੇ ਅਤੇ ਉਸਦੀ ਫ਼ਸਲ ਖ਼ਰੀਦਣ ਦੇ ਭਾਅ ਨੀਵੇਂ ਰਖਦਾ ਹੈ। ਕਿਉਂਕਿ ਸਰਕਾਰ ਵੀ ਇਸ ਟੋਲੇ ਦਾ ਇਕ ਹੱਥਠੋਕਾ ਹੈ ਇਸ ਕਰਕੇ ਕਿਸਾਨ ਨੂੰ ਘੱਟ ਕੀਮਤਾਂ ਤੇ ਹੀ ਫਸਲ ਵੇਚਣੀ ਪੈਂਦੀ ਹੈ। ਨਤੀਜਾ ਇਹ ਹੁੰਦਾ ਹੈ ਕਿ ਇਹ ਠੱਗ ਟੋਲਾ ਹੋਰ ਅਮੀਰ ਹੁੰਦਾ ਜਾਂਦਾ ਹੈ ਅਤੇ ਕਿਸਾਨਾਂ ਦੇ ਕਰਜ਼ੇ ਹੋਰ ਵੱਧਦੇ ਜਾਂਦੇ ਹਨ ਅਤੇ ਕਈ ਵਾਰ ਉਹ ਖ਼ੁਦਕਸ਼ੀ ਕਰਨ ਤੱਕ ਜਾਣ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਦੀਆਂ ਜ਼ਮੀਨਾਂ ਨੀਲਾਮ ਹੋ ਜਾਂਦੀਆਂ ਹਨ। ਹਾਲਾਤ ਦਾ ਸਤਾਇਆ ਹੋਇਆ ਕਿਸਾਨ ਜਾਂ ਤਾਂ ਖ਼ੁਦਕਸ਼ੀ ਕਰ ਲੈਂਦਾ ਹੈ ਜਾਂ ਫਿਰ ਸ਼ਹਿਰਾਂ ਵਿਚ ਮਜ਼ਦੂਰੀ ਕਰਨ ਲਈ ਮਜਬੂਰ ਹੋ ਜਾਂਦਾ ਅਤੇ ਜਾਂ ਬੇਰੁਜ਼ਗਾਰੀ ਅਤੇ ਭੁੱਖ ਦਾ ਸ਼ਿਕਾਰ ਹੁੰਦਾ ਹੈ। ਇਸ ਤਰ੍ਹਾਂ, ਅੰਨ ਪੈਦਾ ਕਰਨ ਵਾਲੇ ਨੂੰ ਭੁੱਖਾ ਨਾਲ ਮਰਨ ਤੇ ਮਜਬੂਰ ਕਰ ਦਿਤਾ ਜਾਂਦਾ ਹੈ।

ਇਸੇ ਤਰ੍ਹਾਂ ਫੈਕਟਰੀਆਂ ਵਿਚ ਵੀ ਸਾਰੀ ਪੈਦਾਵਾਰ ਮਜ਼ਦੂਰਾਂ ਦੀ ਮਿਹਨਤ ਨਾਲ ਹੀ ਪੈਦਾ ਹੁੰਦੀ ਹੈ। ਪਰ ਇਹ ਸਾਰੀ ਪੈਦਾਵਾਰ ਉਨ੍ਹਾਂ ਦੇ ਹੱਥ ਵਿਚ ਨਹੀਂ ਰਹਿੰਦੀ। ਪੈਦਾ ਕਰਨ ਵਾਲੇ ਦੇ ਹੱਥਾਂ ਵਿਚੋਂ ਇਹ ਦੌਲਤ ਫੈਕਟਰੀਆਂ ਦਾ ਮਾਲਕ ਖੋਹ ਲੈਂਦਾ ਹੈ ਜਿਹਨੇ ਲੁੱਟ ਨਾਲ ਬਟੋਰੀ ਦੌਲਤ ਰਾਹੀਂ ਫੈਕਟਰੀ ਲਾਈ ਹੈ। ਅਤੇ ਇੰਜ ਇਹ ਬੇਅੰਤ ਦੌਲਤ ਇਸ ਲੋਟੂ ਟੋਲੇ ਦੀਆਂ ਤਿਜੋਰੀਆਂ ਵਿਚ ਚਲੀ ਜਾਂਦੀ ਹੈ, ਮਜ਼ਦੂਰ ਵੇਖਦੇ ਰਹਿ ਜਾਂਦੇ ਹਨ। ਕਿਉਂਕਿ ਹਰ ਸਰਕਾਰ ਵੀ ਇਸ ਲੋਟੂ ਟੋਲੇ ਦਾ ਹੀ ਪੱਖ ਪੂਰਦੀ ਹੈ ਇਸ ਲਈ ਮਜ਼ਦੂਰਾਂ ਦੀ ਹਾਲਤ ਕਦੇ ਸੁਧਰਦੀ ਨਹੀਂ। ਜੇ ਆਪਣੀ ਏਕਤਾ ਅਤੇ ਜਦੋਜਹਿਦ ਨਾਲ ਉਹ ਕੁਝ ਰਿਆਇਤਾਂ ਜਿਤ ਵੀ ਲੈਂਦੇ ਹਨ ਤਾਂ ਮਾਲਕ ਟੋਲਾ ਇਸ ਤਾਕ ਵਿਚ ਰਹਿੰਦਾ ਹੈ ਇਹ ਰਿਆਇਤਾਂ ਵਾਪਸ ਕਿਵੇਂ ਲਵੇ। ਮਿਸਾਲ ਦੇ ਤੌਰ ਜਿਹੜੀਆਂ ਥੋਹੜੀਆਂ ਜਿਹੀਆਂ ਰਿਆਇਤਾਂ ਮਜ਼ਦੂਰਾਂ ਨੇ ਆਜ਼ਾਦੀ ਦੀ ਲੜਾਈ ਕਰਕੇ ਜਿੱਤੀਆਂ ਸੀ ਹੁਣ ਹਾਕਮ ਟੋਲੇ ਦੇ ਫਾਇਦੇ ਲਈ ਸਰਕਾਰ ਹੌਲੀ ਹੌਲੀ ਖੋਹਣ ਤੇ ਤੁਲੀ ਹੋਈ ਹੈ।

ਇਸਦੇ ਇਲਾਵਾ ਇਹੋ ਟੋਲਾ ਸਰਕਾਰ ਨੂੰ ਵਰਤਕੇ ਲੋਕਾਂ ਦੀ ਰੋਜ਼ ਵਰਤੋਂ ਵਾਲੀ ਹਰ ਚੀਜ਼ ਉਤੇ ਟੈਕਸ ਲਾਉਂਦਾ ਹੈ ਅਤੇ ਲੋਕਾਂ ਦੀ ਬਚੀ ਖੁਚੀ ਦੌਲਤ ਵੀ ਪਹਿਲਾਂ ਸਰਕਾਰੀ ਖ਼ਜ਼ਾਨੇ ਵਿਚ ਚਲੀ ਜਾਂਦੀ ਹੈ ਤੇ ਉਥੋਂ ਇਸ ਲੋਟੂ ਟੋਲੇ ਦੀਆਂ ਤਿਜੌਰੀਆਂ ਵਿਚ । ਹਰੇਕ ਸਲਾਨਾ ਬਜਟ ਵਿਚ ਸਰਕਾਰ ਸੂਦਖ਼ੋਰਾਂ ਤੇ ਹੋਰ ਲੋਟੂ ਲਾਣੇ ਨੂੰ ਵੱਡੀਆਂ ਰਿਆਇਤਾਂ ਦਿੰਦੀ ਹੈ। ਮਿਸਾਲ ਦੇ ਤੌਰ ਤੇ ਸਾਲ 2006 ਦੇ ਸਰਕਾਰੀ ਬਜਟ ਦਾ 74 ਫੀ ਸਦੀ ਹਿੱਸਾ ਸਰਕਾਰ ਨੇ ਇਸ ਟੋਲੇ ਨੂੰ ਹੀ ਫੜਾ ਦਿਤਾ ਸੀ।

ਹਿੰਦੁਸਤਾਨ ਗਰੀਬ ਨਹੀ, ਇਥੋਂ ਦੇ ਲੋਕ ਗਰੀਬ ਹਨ। ਇਥੋਂ ਦੇ ਲੋਕ ਇਸ ਕਰਕੇ ਗਰੀਬ ਹਨ ਇਉਂਕਿ ਇਨ੍ਹਾਂ ਦੀ ਮਿਹਨਤ ਦੀ ਕਮਾਈ ਹੜੱਪਣ ਵਾਲੇ ਇਨ੍ਹਾਂ ਨੂੰ ਦੋਹੀਂ ਹੱਥੀਂ ਲੁਟਦੇ ਹਨ ਅਤੇ ਸ਼ਰੇਆਮ ਲੁਟਦੇ ਹਨ। ਇਕ ਪਾਸੇ ਲੋਕਾਂ ਦੀ ਦਿਨ ਦਿਹਾੜੇ ਲੁਟ ਹੁੰਦੀ ਹੈ ਤੇ ਦੂਜੇ ਪਾਸੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਹਾਕਮ ਟੋਲਾ ਆਪਣੀਆਂ ਸਿਆਸੀ ਪਾਰਟੀਆਂ ਰਾਹੀਂ ਗਰੀਬੀ ਹਟਾਉ, ਗਰੀਬੀ ਦੇ ਖ਼ਿਲਾਫ਼ ਜੰਗ, ਅਤੇ ਹੋਰ ਇਹੋ ਜਿਹੇ ਨਾਅਰੇ ਵੀ ਲਾਉਦਾ ਰਹਿੰਦਾ ਹੈ ਅਤੇ ਕਈ ਗੈਰ ਸਰਕਾਰੀ ਜਥੇਬੰਦੀਆਂ ਨੂੰ ਵੀ ਇਹੋ ਜਿਹੇ ਨਾਅਰੇ ਲਾਉਣ ਅਤੇ ਗਰੀਬੀ ਘੱਟ ਕਰਨ ਦੇ ਖ਼ੋਖਲੇ ਪ੍ਰੋਗਰਾਮਾਂ ਦਾ ਪ੍ਰਚਾਰ ਬਾਰੇ ਹਰਕਤ ਵਿਚ ਲਿਆਉਂਦਾ ਹੈ। ਇਹ ਸਾਰੇ ਰਲਕੇ ਇਸ ਗੱਲ ਤੇ ਪਰਦਾ ਪਾਉਂਦੇ ਹਨ ਕਿ ਹਿੰਦੁਸਤਾਨ ਦੇ ਲੋਕ ਆਪਣੀ ਮਿਹਨਤ ਅਤੇ ਕੁਦਰਤ ਦੇ ਸੋਮਿਆਂ ਨਾਲ ਬਥੇਰੀ ਦੌਲਤ ਪੈਦਾ ਕਰਦੇ ਹਨ ਅਤੇ ਹਿੰਦੁਸਤਾਨ ਇਕ ਦੌਲਤਮੰਦ ਮੁਲਕ ਹੈ। ਇਹ ਸਾਰੇ ਰਲਕੇ ਇਹ ਗੱਲ ਲੁਕਾਉਂਦੇ ਹਨ ਲੋਕਾਂ ਦੀ ਪੈਦਾ ਕੀਤੀ ਹੋਈ ਦੌਲਤ ਕੁਝ ਲੁਟੇਰੇ ਲੁੱਟ ਲੈਂਦੇ ਹਨ ਅਤੇ ਰਾਜਤੰਤ੍ਰ, ਸਰਕਾਰ ਅਤੇ ਸਿਆਸੀ ਪ੍ਰਣਾਲੀ ਇਸ ਲੋਟੂ ਟੋਲੇ ਦੇ ਹੱਥ ਵਿਚ ਲੁੱਟ ਦੇ ਹਥਿਆਰ ਹਨ। ਲੋਕਾਂ ਦੀ ਗਰੀਬੀ ਦਾ ਕਾਰਨ ਇਹ ਨਹੀਂ ਕਿ ਹਿੰਦੁਸਤਾਨ ਗਰੀਬ ਹੈ, ਲੋਕਾਂ ਦੀ ਗਰੀਬੀ ਦਾ ਕਾਰਨ ਇਹ ਹੈ ਕਿ ਉਪਰਲਾ ਲੋਟੂ ਲਾਣਾ ਉਨ੍ਹਾਂ ਦੀ ਸਾਰੀ ਕਮਾਈ ਆਪ ਹੜੱਪ ਜਾਂਦਾ ਹੈ।

ਵਕਤ ਦੀ ਲੋੜ ਇਹ ਲੁੱਟ ਖ਼ਤਮ ਕਰਨ ਦੀ ਹੈ, ਲੋਟੂਆਂ ਦਾ ਰਾਜ ਖ਼ਤਮ ਕਰਨ ਦੀ ਹੈ, ਇਕ ਨਵੀਂ ਉਸਾਰੀ ਦੀ ਹੈ ਜਿਸ ਨਾਲ ਕੁਦਰਤੀ ਖ਼ਜ਼ਾਨਿਆਂ ਅਤੇ ਆਪਣੀਆਂ ਮਿਹਨਤਾਂ ਨਾਲ ਦੌਲਤ ਪੈਦਾ ਕਰਨ ਵਾਲੇ ਲੋਕ ਇਸ ਦੌਲਤ ਨੂੰ ਆਪਣੇ ਹੱਥ ਵਿਚ ਲੈ ਕੇ ਸਾਰਿਆਂ ਦੇ ਸੁੱਖ ਅਤੇ ਰਾਖੀ ਲਈ ਇਸਤਮਾਲ ਕਰਨ। ਹਿੰਦੁਸਤਾਨ ਵਿਚ ਦੌਲਤ ਦੀ ਘਾਟ ਨਹੀਂ ਹੈ। ਦੌਲਤ ਬੇਸ਼ੁਮਾਰ ਹੈ। ਲੋਕਾਂ ਨੂੰ ਇਹ ਦੌਲਤ ਆਪਣੇ ਹੱਥ ਵਿਚ ਲੈਣ ਦੀ ਲੋੜ ਹੈ।